# ਪਰਬਤਾਂ ਸੰਗ ਭਿੜਦਾ ਹੋਇਆ ਦਰਿਆ

*—ਸ਼ਬਦੀਸ਼*

ਪਰਬਤਾਂ ਸੰਗ ਭਿੜਦਾ ਹੋਇਆ ਦਰਿਆ ਰਸਤਾ ਬਣਾਉਂਦਾ ਵਹਿ ਰਿਹਾ ਸੀ। ਆਜ਼ਾਦ ਭਾਰਤ ਦੇ ਮਹਾਂ-ਪ੍ਰਾਜੈਕਟ ਭਾਖੜਾ ਡੈਮ ਦੀ ਉਸਾਰੀ ਵਿਚ ਯੋਗਦਾਨ ਪਾਉਣ ਵਾਲੇ ਨੌਜਵਾਨਾਂ ਵਿਚ ਗੁਰਸ਼ਰਨ ਸਿੰਘ ਵੀ ਸ਼ਾਮਿਲ ਸੀ, ਜੋ ਮਾਰੋ-ਮਾਰ ਕਰਦੇ ਦਰਿਆ ਵੱਲ ਵੇਖੀ ਜਾ ਰਿਹਾ ਸੀ। ਉਹਦੇ ਮਨ-ਮਸਤਕ ਵਿਚ ਸੋਚਾਂ ਦੇ ਗਹਿਰੇ ਸਾਗਰ ਦਾ ਮਹਾਂ-ਮੰਥਨ ਚੱਲ ਰਿਹਾ ਸੀ, "ਜੇ ਮਾਨਵੀ ਕਲਿਆਣ ਲਈ ਦਰਿਆ ਦੇ ਰੁਖ ਮੋੜੇ ਜਾ ਸਕਦੇ ਹਨ ਤਾਂ ਜ਼ਿੰਦਗੀ ਦਾ ਰੁਖ ਕਿਉਂ ਨਹੀਂ ਮੋੜਿਆ ਜਾ ਸਕਦਾ ?"

ਇਹ ਉਹ ਸਮਾਂ ਜੀ, ਜਦੋਂ ਦੇਸ਼ ਅੰਦਰ ਆਜ਼ਾਦੀ ਤੋਂ ਬਾਅਦ ਸੁਪਨਿਆਂ ਦੇ ਨਵੇਂ ਭਾਰਤ ਦਾ ਉਤਸ਼ਾਹ ਉਛਾਲੇ ਮਾਰ ਰਿਹਾ ਸੀ। ਗੁਰਸ਼ਰਨ ਸਿੰਘ ਵੀ ਕਿਉਂ ਜੋ ਉਹ ਥੋੜੇ ਅਲੱਗ ਨਜ਼ਰੀਏ ਵਾਲਾ ਨੌਜਵਾਨ ਬਣ ਚੁੱਕਾ ਸੀ, ਇਸੇ ਲਈ ਉਸ ਕੋਲ ਆਪਣੇ ਅੰਦਰ ਸਿਰ ਚੁੱਕੀ ਖੜੇ ਸਵਾਲ ਦਾ ਜਵਾਬ ਸੀ—"ਹਾਂ, ਜ਼ਿੰਦਗੀ ਦਾ ਰੁਖ ਮੋੜਿਆ ਜਾ ਸਕਦਾ ਹੈ, ਬਸ਼ਰਤੇ ਅਵਾਮ ਅੰਦਰ ਸਵਾਲ ਵੀ ਜਾਵੇ ਤੇ ਉਸ ਦਾ ਜਵਾਬ ਵੀ, ਜੋ ਬੰਦ ਦਰਾਂ ਦੇ ਕਵਾੜ ਖੋਲ੍ਹ ਸਕਣ 'ਚ ਸਹਾਈ ਹੋਵੇ ਅਤੇ ਇਹ ਕੰਮ ਨਾਟਕ ਕਰ ਸਕਦਾ ਹੈ।" ਇਹ ਉਸ ਦਾ ਆਪਣੇ ਅੰਤਰ-ਮਨ ਨੂੰ ਜਵਾਬ ਸੀ। ਬਸ ਫਿਰ ਕੀ ਸੀ...? ਇਹ ਜਵਾਬ ਉਨ੍ਹਾਂ ਦੀ ਜ਼ਿੰਦਗੀ ਦਾ ਆਲ੍ਹਾ ਮਕਸਦ ਹੋ ਗਿਆ ਤੇ ਉਹ ਦਰਿਆ ਦੇ ਵਹਿਣ ਮੋੜਦੇ-ਮੋੜਦੇ ਖ਼ੁਦ ਦਰਿਆ ਹੋ ਗਏ ਹਨ...ਇਕ ਅਮੋੜ ਦਰਿਆ, ਜਿਸ ਦੇ ਨਾਟਕ ਦੀ ਤਾਕਤ ਨੇ ਚੱਲਦੇ ਵਰਤਾਰੇ ਵਿਚ ਵੀ ਕੁਝ ਕੁ ਸਮਾਜੀ ਖੇਤਰਾਂ ਦਾ ਰੁਖ਼ ਮੋੜ ਦਿੱਤਾ। ਉਹ ਇਸ ਨੂੰ ਰੰਗਮੰਚ ਦੀ ਤਾਕਤ ਦਾ ਕਮਾਲ ਆਖਦੇ ਸਨ। ਸ਼ਾਇਦ ਇਸ ਲਈ ਕਿ ਉਹ ਇਹ ਅਖਵਾਉਣ ਦਾ ਹੱਕ ਕਮਾ ਸਕਦੇ ਸਨ।

ਲੁਧਿਆਣੇ ਵਿਖੇ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਬੁੱਤ ਗੁਰਸ਼ਰਨ ਸਿੰਘ ਦੇ ਨਾਟਕ ਦੇ ਇਤਿਹਾਸ ਦਾ ਅਧਿਆਇ ਹੈ। ਉਨ੍ਹਾਂ ਦਾ ਨਾਟਕ ਹੀ ਤਾਂ ਸੀ, ਜਿਸ ਸਦਕਾ ਇਥੇ ਖੜ੍ਹੇ ਭਗਤ ਸਿੰਘ ਦੇ ਬੁੱਤਾਂ ਦੀ ਥਾਂ ਭਗਤ ਸਿੰਘ, ਰਾਜਗੁਰੂ ਤੇ

ਸੁਖਦੇਵ ਦਾ ਇਕੱਠਾ ਬੁੱਤ ਲੱਗਿਆ। ਉਨ੍ਹਾਂ ਦੇ ਨਾਟਕ ਵਿਚ ਭਗਤ ਸਿੰਘ ਨੇ ਜ਼ੋਰਦਾਰ ਆਵਾਜ਼ ਵਿਚ ਆਖਿਆ—"ਮੈਂ ਰਾਜਗੁਰੂ ਤੇ ਸੁਖਦੇਵ ਦੇ ਅੰਗ-ਸੰਗ ਤੁਰਦਾ ਇਨਕਲਾਬ ਜ਼ਿੰਦਾਬਾਦ ਦੇ ਬੁਲੰਦ ਵਾਂਗ ਨਾਅਰੇ ਮਾਰਦਾ ਫਾਂਸੀ ਤਕ ਗਿਆ ਹਾਂ। ਫਿਰ ਇਸ ਜਗ੍ਹਾ ਮੇਰਾ ਇਕੱਲੇ ਦਾ ਬੁੱਤ ਕਿਉਂ ਹੈ ? ਮੇਰੇ ਜਾਨੋਂ ਪਿਆਰੇ ਮਿੱਤਰਾਂ ਬਿਨਾਂ ਤਾਂ ਮੈਂ ਅਧੂਰਾ ਹਾਂ। ਉਨ੍ਹਾਂ ਨੂੰ ਮੇਰੇ ਨਾਲ ਖੜੇ ਕਰੋ ਜਾਂ ਮੇਰਾ ਬੁੱਤ ਵੀ ਉਤਾਰ ਦਿਓ...।" ਛੇਤੀ ਹੀ ਤਿੰਨ ਸ਼ਹੀਦਾਂ ਦਾ ਬੁੱਤ ਲੱਗਣ ਦਾ ਐਲਾਨ ਹੋ ਗਿਆ। ਹਰ ਬੰਦਾ ਜੋ ਗੁਰਸ਼ਰਨ ਸਿੰਘ ਦੇ ਨਾਟਕ ਦੇ ਇਤਿਹਾਸ ਅਨੋਖੇ ਕਾਂਡ ਤੋਂ ਵਾਕਫ਼ ਹੈ, ਤਿੰਨਾਂ ਸ਼ਹੀਦਾਂ ਨੂੰ ਸਲਾਮ ਕਰਨ ਸਮੇਂ ਨਾਟਕ ਦੀ ਤਾਕਤ ਦਾ ਅਰਥ ਵੀ ਸਮਝਦਾ ਹੈ। ਇਸ ਤਾਕਤ ਦੇ ਇਕ ਹੋਰ ਅਧਿਆਇ ਦੀ ਸਿਰਜਣਾ ਉਨ੍ਹਾਂ ਵੱਲੋਂ ਔਰਤਾਂ ਦੇ ਹੱਕਾਂ ਲਈ ਤਿਆਰ ਕੀਤੇ ਤੇ ਖੇਡੇ 'ਸਮਾਜ' ਨਾਂ ਦੇ ਨਾਟਕ ਨਾਲ ਹੋਈ ਵੇਖੀ ਜਾ ਸਕਦੀ ਹੈ। ਇਸ ਨਾਟਕ ਨੇ ਦਰਸ਼ਕਾਂ ਸਾਹਮਣੇ ਸਵਾਲ ਖੜਾ ਕੀਤਾ—"ਬੱਚੇ ਨੂੰ ਜਨਮ ਮਾਂ ਦਿੰਦੀ ਹੈ, ਪਾਲਣ-ਪੋਸ਼ਣ ਵੀ ਮਾਂ ਹੀ ਕਰਦੀ ਹੈ, ਫਿਰ ਸਕੂਲ ਦਾਖ਼ਲ ਹੋਣ ਸਮੇਂ ਇਕੱਲੇ ਬਾਪ ਦਾ ਨਾਂ ਕਿਉਂ ਲਿਖਿਆ ਜਾਂਦਾ ਹੈ...?" ਇਹੀ ਸਵਾਲ ਸੁਣ ਕੇ ਉਸ ਸਮੇਂ ਦੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਨੇ ਐਲਾਨ ਕੀਤਾ—"ਅੱਜ ਤੋਂ ਬਾਅਦ ਜਾਰੀ ਹੋਣ ਵਾਲੇ ਹਰ ਸਰਟੀਫਿਕੇਟ 'ਤੇ ਮਾਂ ਤੇ ਬਾਪ ਦੋਵਾਂ ਦਾ ਨਾਮ ਦਰਜ ਹੋਵੇਗਾ।"

ਹੁਣ ਹਰ ਬੋਰਡ-ਯੂਨੀਵਰਸਿਟੀ ਨੇ ਵੀ ਇਸ ਨੂੰ ਅਪਣਾ ਲਿਆ ਹੈ। ਗੁਰਸ਼ਰਨ ਸਿੰਘ ਨੂੰ ਅਜਿਹਾ ਹੋ ਜਾਣ ਦਾ ਭਰੋਸਾ ਸੀ, ਹਾਲਾਂਕਿ ਜਿਉਂਦੇ ਜੀਅ ਹੋ ਜਾਣ ਬਾਰੇ ਸ਼ੰਕਾ ਸੀ। ਉਨ੍ਹਾਂ ਦਾ ਭਰੋਸਾ ਸੀ ਕਿ ਸਭ ਲਈ ਵਿਦਿਆ ਤੇ ਰੁਜ਼ਗਾਰ ਮਿਲ ਕੇ ਹੀ ਰਹਿਣਾ ਹੈ। ਜੇ ਇਸ ਸਿਸਟਮ ਨੇ ਨਾ ਕੀਤਾ ਤਾਂ ਇਨਕਲਾਬ ਆਏਗਾ ਅਤੇ ਉਹ ਇਹ ਕੰਮ ਪੂਰਾ ਕਰੇਗਾ। ਇਹ ਮਨੁੱਖਤਾ ਦਾ ਸੁਪਨਾ ਹੈ, ਉਨ੍ਹਾਂ ਨੇ ਤਾਂ ਨਾਟਕਾਂ ਜਾਂ ਭਾਸ਼ਣਾਂ ਵਿਚ ਆਵਾਜ਼ ਹੀ ਉਠਾਈ ਹੈ। ਸਮੇਂ ਸਿਰ ਆਵਾਜ਼ ਉਠਾ ਦੇਣਾ ਹੀ ਕਲਾ ਦਾ ਕਰਮ ਹੈ। ਜੇ ਕਲਾ ਅਜਿਹਾ ਨਹੀਂ ਕਰਦੀ ਤਾਂ 'ਸਤਿਯਮ ਸ਼ਿਵਮ ਸੁੰਦਰਮ' ਐਵੇਂ ਵਾਧੂ ਦੀਆਂ ਗੱਲਾਂ ਹਨ।

ਜਦੋਂ ਪੁੱਛਿਆ ਜਾਂਦਾ ਕਿ ਨਾਟਕ ਵਿਚ ਭਾਸ਼ਣ ਤੇ ਭਾਸ਼ਣ ਵਿਚ ਨਾਟਕ ਕਰਨ ਨੂੰ ਗ਼ਲਤ ਨਹੀਂ ਸਮਝਦੇ ? ਤਾਂ ਜਵਾਬ ਹੁੰਦਾ ਸੀ—"ਭਾਸ਼ਣ ਤਾਂ ਸ਼ੈਕਸਪੀਅਰ ਦੇ ਨਾਟਕਾਂ ਵਿਚ ਮੇਰੇ ਨਾਟਕ ਤੋਂ ਕਿਤੇ ਲੰਮੇ ਹਨ। ਮੈਂ ਤਾਂ ਬਰਨਾਡ ਸ਼ਾਅ ਵਾਂਗ ਸਿੱਧੀ ਤੇ ਸੰਖੇਪ ਗੱਲ ਕਰਦਾ ਹਾਂ। ਮੈਂ ਪੁੱਛਦਾ ਹੀ ਇਹ ਹਾਂ—ਜੇ ਕੋਈ ਸਟੇਟਮੈਂਟ ਹੀ ਨਹੀਂ ਦੇਣੀ, ਸਮਾਜ ਦਾ ਕੋਈ ਸਵਾਲ ਹੀ ਨਹੀਂ ਉਠਾਉਣਾ, ਨਾਟਕ ਕਰਨਾ ਹੀ ਕਿਉਂ ਹੈ ?"

ਉਹ ਸਿਰਾਂ ਤੋਂ ਗੁਜ਼ਰ ਜਾਣ ਵਾਲੇ ਪ੍ਰਤੀਕਾਂ-ਬਿੰਬਾਂ ਨਾਲ ਨਾਟਕ ਸਿਰਜਣਾ ਪਸੰਦ ਨਹੀਂ ਕਰਦੇ ਸਨ, ਹਾਲਾਂਕਿ ਵਕਤ ਦੀ ਲੋੜ ਮੁਤਾਬਕ ਅਜਿਹੇ ਸਮਝਣਯੋਗ

ਬਿੰਬਾਂ-ਪ੍ਰਤੀਕਾਂ ਦੀ ਵਰਤੋਂ ਕਰ ਵੀ ਲੈਂਦੇ ਸਨ। 'ਤਖ਼ਤ ਲਾਹੌਰ' ਪਾਕਿਸਤਾਨ ਦੇ ਹਾਲਾਤ ਦਾ ਬਿਆਨ ਕਰਦਾ ਹੈ ਪਰ ਗੁਰਸ਼ਰਨ ਸਿੰਘ ਨੇ ਉਸ ਵਿਚੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਲਗਾਈ ਐਮਰਜੈਂਸੀ ਦੇ ਅਰਥ ਉਜਾਗਰ ਕਰ ਲਏ। ਇਹ ਨਾਟਕ ਜੰਮੂ 'ਚ ਹੋ ਰਿਹਾ ਸੀ, ਜਿਸ ਨੂੰ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਵੀ ਵੇਖ ਰਹੇ ਸਨ। ਉਨ੍ਹਾਂ ਭਾਸ਼ਣ ਦੌਰਾਨ ਕਿਹਾ ਕਿ ਗੁਰਸ਼ਰਨ ਸਿੰਘ 'ਪੰਜਾਬ ਦਾ ਹੀਰਾ' ਹੈ ਪਰ ਉਨ੍ਹਾਂ ਨੂੰ ਅੰਮ੍ਰਿਤਸਰ ਆਉਣ ਸਾਰ ਗ੍ਰਿਫ਼ਤਾਰ ਕਰ ਲਿਆ, ਜਦੋਂ ਉਹ ਆਪਣੀਆਂ ਧੀਆਂ ਨੂੰ ਸਕੂਲੋਂ ਲੈ ਕੇ ਆ ਰਹੇ ਸਨ। ਇਸ ਗ੍ਰਿਫ਼ਤਾਰੀ ਦੇ ਨਾਲ ਹੀ ਨੌਕਰੀ ਤੋਂ ਮੁਅੱਤਲੀ ਵੀ ਹੋ ਗਈ।

ਜਦੋਂ ਐਮਰਜੰਸੀ ਦੌਰਾਨ ਨੌਕਰੀ ਤੋਂ ਮੁਅੱਤਲੀ ਹੋ ਗਈ ਤਾਂ ਗੁਰਸ਼ਰਨ ਸਿੰਘ 'ਕਿਵ ਕੂੜੈ ਤੁਟੇ ਪਾਲਿ' ਨਾਟਕ ਖੇਡ ਰਹੇ ਸਨ। ਇਹ ਨਾਟਕ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਇਤਿਹਾਸਕ ਹਵਾਲੇ ਨਾਲ ਨਕਸਲੀ ਨੌਜਵਾਨ 'ਤੇ ਹੋਏ ਜ਼ੁਲਮਾਂ ਦਾ ਪ੍ਰਤੀਕਰਮ ਸੀ ਅਤੇ ਸਰਹਿੰਦ ਦੇ ਹੁਕਮਰਾਨਾਂ ਉੱਤੇ ਬਾਬਾ ਬੰਦਾ ਸਿੰਘ ਬਹਾਦਰ ਦਾ ਹਮਲਾ ਮੌਜੂਦਾ ਨਿਜ਼ਾਮ ਨੂੰ ਢਾਹ ਸੁੱਟਣ ਦਾ ਸੱਦਾ ਸੀ। ਇਸ ਨਾਟਕ ਵਿਚ ਪੰਜਾਬੀ ਵਰਤੇ ਅਖਾਣ ਦਰਸ਼ਕਾਂ ਸਾਹਮਣੇ ਅਸਲ ਮੁੱਦਾ ਪੂਰੀ ਤਰ੍ਹਾਂ ਉਭਾਰ ਦਿੰਦਾ ਸੀ। ਦੇਸ਼ ਉੱਤੇ ਐਮਰਜੰਸੀ ਲਗਾ ਕੇ ਜਮਹੂਰੀਅਤ ਦਾ ਭੋਗ ਪਾਏ ਜਾਣ ਖ਼ਿਲਾਫ਼ 'ਬੰਦ ਕਮਰੇ' ਨਾਟਕ ਵਿਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਤਾਨਾਸ਼ਾਹੀ ਅਤੇ ਬੁੱਧੀਜੀਵੀ ਵਰਗ ਦਾ ਵੀਲ੍ਹ ਚੇਅਰ 'ਤੇ ਰਿੜ੍ਹਨਾ ਪ੍ਰਤੀਕਾਤਮਕ ਢੰਗ ਨਾਲ ਸੱਚ ਉਜਾਗਰ ਕਰ ਰਿਹਾ ਸੀ।

ਗੁਰਸ਼ਰਨ ਸਿੰਘ ਦਾ ਨਾਟਕ ਸਿਆਸੀ-ਸਮਾਜੀ ਸਵਾਲਾਂ ਸੰਗ ਸੰਵਾਦ 'ਚੋਂ ਹੀ ਉਪਜਣਾ ਸ਼ੁਰੂ ਹੋਇਆ। ਇਸ ਨਾਟਕ ਨੇ ਦਹਿਸ਼ਤਗਰਦੀ ਦੇ ਕਾਲੇ ਦਿਨਾਂ ਵਿਚ 'ਕੁਰਸੀ ਮੋਰਚਾ ਤੇ ਹਵਾ ਵਿਚ ਲਟਕਦੇ ਲੋਕ' ਦੇ ਨਾਟਕੀ ਸੰਕਲਪ ਤਹਿਤ ਅਨੇਕਾਂ ਨਾਟਕਾਂ ਦੀ ਸਿਰਜਣਾ ਕੀਤੀ ਜਿਨ੍ਹਾਂ ਵਿਚ 'ਬਾਬਾ ਬੋਲਦਾ ਹੈ' ਵਰਗਾ ਪ੍ਰਮੁੱਖ ਨਾਟਕ ਵੀ ਸ਼ਾਮਿਲ ਹੈ, ਜੋ 1984 ਦੀਆਂ ਪ੍ਰਮੁੱਖ ਘਟਨਾਵਾਂ-ਸਾਕਾ ਨੀਲਾ ਤਾਰਾ ਤੇ ਨਵੰਬਰ ਕਤਲੇਆਮ ਵਿਚੋਂ ਪੈਦਾ ਹੋਈ ਤਰਾਸਦੀ ਬਿਆਨ ਕਰਦਾ ਹੈ। ਉਸ ਸਮੇਂ ਗੁਰਸ਼ਰਨ ਸਿੰਘ ਨੇ ਪੰਜਾਬ ਦੇ ਹਾਲਾਤ ਬਾਰੇ ਦਰਜਨਾਂ ਨਾਟਕ ਲਿਖੇ ਅਤੇ ਖੇਡੇ ਸਨ।

ਗੁਰਸ਼ਰਨ ਸਿੰਘ ਗ਼ਰੀਬ-ਗੁਰਬੇ ਦੀ ਪੀੜਾ ਲਈ ਸਿੱਖ ਸੰਕਲਪਾਂ ਅਤੇ ਇਸੇ ਸੰਸਾਰ ਵਿਚ ਜੀਊਂਦੇ ਜੀਅ ਮੁਕਤੀ ਲਈ ਮਾਰਕਸਵਾਦੀ ਫ਼ਲਸਫ਼ੇ ਦੇ ਧਾਰਨੀ ਹਨ। ਇਹ ਧਰਮ ਤੇ ਸਿਆਸਤ ਦੇ ਗਠਜੋੜ ਦੀ ਰਾਜਨੀਤੀ ਨਹੀਂ ਹੈ, ਨਾ ਹੀ ਗੁਰਬਾਣੀ ਤੇ ਮਾਰਕਸਵਾਦ ਦੇ ਗਠਜੋੜ ਦਾ ਫ਼ਲਸਫ਼ਾ ਹੈ। ਇਹ ਅਹਿਸਾਸ ਅਤੇ ਸਮਝਦਾਰੀ ਦੇ ਤਾਲਮੇਲ ਦਾ ਸੰਕਲਪ ਹੈ। ਇਸ ਨਾਲ ਸਹਿਮਤੀ-ਅਸਹਿਮਤੀ ਦੀ ਸੁਰ ਸਦਾ ਹਾਜ਼ਰ ਰਹੀ ਹੈ ਪਰ ਗੁਰਸ਼ਰਨ ਸਿੰਘ ਨੇ ਆਪਣੀ ਸਮਝਦਾਰੀ ਨਾ ਤਬਦੀਲ

ਕੀਤੀ ਹੈ, ਨਾ ਹੀ ਕਿਸੇ ਇਕ ਜਾਂ ਦੂਜੇ ਦੀ ਖ਼ੁਸ਼ੀ ਲਈ ਕੋਈ ਪਰਦਾਪੋਸ਼ੀ ਕੀਤੀ ਹੈ। ਇਨ੍ਹਾਂ ਵਿਚਾਰਾਂ ਸਦਕਾ ਹੀ ਉਹ ਸਾਡੀ ਕੌਮੀਅਤ ਦੇ ਪ੍ਰਮੁੱਖ ਪੰਜਾਬੀ ਹਨ। ਉਨ੍ਹਾਂ ਦਾ ਕੁੱਸਾ ਵਿਚ ਅਜਿਹਾ ਜਨਤਮ ਸਨਮਾਨ ਸਮਾਗਮ ਹੋਇਆ, ਜਿਸ ਤਰ੍ਹਾਂ ਦਾ ਸ਼ਾਇਦ ਹੀ ਕਿਸੇ ਲੇਖਕ-ਕਲਾਕਾਰ ਦਾ ਹੋਇਆ ਹੋਵੇ। ਸੋਵੀਅਤ ਸਮਾਜਵਾਦ ਨੇ ਆਪਣੇ ਲੇਖਕਾਂ ਨੂੰ ਵਿਸ਼ਵ ਵਿਆਪੀ ਸਨਮਾਨ ਦੇ ਹੱਕਦਾਰ ਬਣਾਇਆ ਸੀ, ਜਿਸ ਵਿਚ ਇਨਕਲਾਬ ਤੋਂ ਸੈਂਕੜੇ ਸਾਲ ਪਹਿਲਾਂ ਦੇ ਰੂਸੀ ਲੇਖਕ ਵੀ ਸ਼ਾਮਲ ਸਨ ਤਾਂ ਵੀ ਅਜਿਹੇ ਕਿਸੇ ਸਮਾਗਮ ਦੀ ਖ਼ਬਰ ਕਦੇ ਵੀ ਪੜ੍ਹੀ ਸੁਣੀ ਨਹੀਂ ਗਈ। ਇਸ ਤੋਂ ਪਹਿਲਾਂ ਸੁਚੇਤਕ ਰੰਗਮੰਚ ਮੋਹਾਲੀ ਨੇ 'ਗੁਰਸ਼ਰਨ ਸਿੰਘ ਨਾਟ-ਉਤਸਵ' ਦੀ ਸ਼ੁਰੂਆਤ ਕੀਤੀ ਸੀ ਅਤੇ ਪਿੱਛੋਂ 'ਕ੍ਰਾਂਤੀ ਦਾ ਕਲਾਕਾਰ—ਗੁਰਸ਼ਰਨ ਸਿੰਘ' ਨਾਂ ਦੀ ਦਸਤਾਵੇਜ਼ੀ ਫ਼ਿਲਮ ਵੀ ਤਿਆਰ ਕੀਤੀ। ਇਹ ਕਿਸੇ ਅੰਗ-ਸੰਗ ਵਿਚਰਦੇ ਲੇਖਕ ਬਾਰੇ ਨਿੱਜੀ ਯਤਨਾਂ ਸਦਕਾ ਬਣੀ ਪਹਿਲੀ ਦਸਤਾਵੇਜ਼ੀ ਫ਼ਿਲਮ ਸੀ। ਇਸ ਤੋਂ ਪਹਿਲਾਂ ਦੂਰਦਰਸ਼ਨ ਜਲੰਧਰ ਨੇ ਸਾਹਿਤ ਅਕਾਦਮੀ ਇਨਾਮ ਜੇਤੂ ਲੇਖਕਾਂ ਦੀਆਂ ਫ਼ਿਲਮਾਂ ਬਣਾਈਆਂ ਸਨ।

ਇਹ ਮਾਣ ਵੀ ਗੁਰਸ਼ਰਨ ਸਿੰਘ ਨੂੰ ਹੀ ਜਾਂਦਾ ਹੈ ਕਿ ਮੰਡੀ ਮੁੱਲਾਂਪੁਰ ਵਿਚ ਉਨ੍ਹਾਂ ਦੇ ਨਾਂ 'ਤੇ 'ਲੋਕ ਕਲਾ ਮੰਚ' ਰੰਗਮੰਚ ਭਵਨ ਬਣਾਉਂਦਾ ਹੈ ਅਤੇ 'ਵਿਰਸਾ ਵਿਹਾਰ ਕੇਂਦਰ' ਅੰਮ੍ਰਿਤਸਰ ਅੰਦਰ ਇਕ ਹਾਲ ਕਮਰੇ ਦਾ ਨਾਮਕਰਨ ਵੀ ਉਨ੍ਹਾਂ ਦੇ ਨਾਂ 'ਤੇ ਹੋਇਆ ਹੈ। ਹਾਲ ਹੀ ਵਿਚ ਗਿਆਨ ਸਾਗਰ ਮੈਡੀਕਲ ਕਾਲਜ ਬਨੂੜ ਵਿਚ ਉਨ੍ਹਾਂ ਨੂੰ ਸਮਰਪਿਤ ਵੱਡਾ ਥੀਏਟਰ ਹਾਲ ਉਸਾਰਿਆ ਗਿਆ ਹੈ। ਏਨੇ ਮਾਣ-ਸਨਮਾਨ ਤੋਂ ਇਲਾਵਾ ਸੰਗੀਤ ਨਾਟਕ ਅਕਾਦਮੀ ਤੇ ਕਾਲੀਦਾਸ ਸਨਮਾਨ ਵਰਗੇ ਦੋ ਪ੍ਰਮੁੱਖ ਸਨਮਾਨ ਵੀ ਉਨ੍ਹਾਂ ਦੀ ਝੋਲੀ ਪਏ, ਜਿਨ੍ਹਾਂ ਦੋਵਾਂ ਨੂੰ ਹਾਸਲ ਕਰਨ ਵਾਲੇ ਉਹ ਇਕਲੌਤੇ ਪੰਜਾਬੀ ਹਨ। ਇਸੇ ਤਰ੍ਹਾਂ 'ਨੁੱਕੜ ਨਾਟਕ ਸਮਰਾਟ' ਨਾਂ ਦਾ ਸਨਮਾਨ ਲੈਣ ਵਾਲੇ ਪੰਜਾਬੀ ਵਜੋਂ ਵੀ ਉਨ੍ਹਾਂ ਦਾ ਨਾਂ ਇਤਿਹਾਸ ਦੇ ਸਫ਼ੇ 'ਤੇ ਦਰਜ ਹੈ। ਉਹ ਆਪਣੀ ਅਸਲ ਪ੍ਰਾਪਤੀ ਤੇ ਸਨਮਾਨ ਪੰਜਾਬ ਵਿਚ ਸਰਗਰਮ ਰੰਗਮੰਚ ਟੀਮ ਨੂੰ ਮੰਨਦੇ ਹਨ, ਜਿਨ੍ਹਾਂ 'ਚੋਂ ਜ਼ਿਆਦਾਤਰ ਸਿੱਧੇ ਜਾਂ ਅਸਿੱਧੇ ਢੰਗ ਨਾਲ 'ਪਲਸ ਮੰਚ' ਨਾਲ ਸੰਬੰਧਤ ਹਨ।